ਪੰਜਾਬ ਸਰਕਾਰ
ਰਾਸ਼ਟਰੀ ਸਿਹਤ ਮਿਸ਼ਨ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
ਪੰਜਵੀਂ ਮੰਜਿਲ, ਪਰਿਆਸ ਬਿਲਡਿੰਗ, ਦੱਖਣ ਮਾਰਗ, ਸੈਕਟਰ 38-ਬੀ ਚੰਡੀਗੜ, 160036
**Phone.** 0172-4012011, 4012012, **Fax:** 0172-4012013

ਨੰ. ਰ.ਸ.ਮ./ਪੰ./21/ਐਮ.ਐਚ.ਆਰ/6782।　　　　ਮਿਤੀ- 06-05-2021

## ਹੁਕਮ

ਰਾਸ਼ਟਰੀ ਸਿਹਤ ਮਿਸ਼ਨ ਪੰਜਾਬ ਅਧੀਨ COVID-19 ਦੀ ਮਾਹਾਮਾਰੀ ਦੋਰਾਨ ਸਿਹਤ ਸੇਵਾਂਵਾ ਪ੍ਰਦਾਨ ਕਰ ਰਹੇ ਠੇਕਾ ਅਧਾਰਿਤ ਸਮੂਹ ਕਰਮਚਾਰੀਆਂ (ਸਾਰੇ ਰਾਸ਼ਟਰੀ ਸਿਹਤ ਪ੍ਰੋਗਰਾਮਾ ਦੇ ਕਰਮਚਾਰੀ) ਦੀਆਂ ਮੰਗਾਂ ਵਿਚਾਰਦੇ ਹੋਏ ਮੌਜੂਦਾ ਤਨਖਾਹ ਉਪਰ 15% (6% ਸਲਾਨਾ ਵਾਧਾ+9% ਸਪੈਸ਼ਲ ਵਾਧਾ) ਦਾ ਵਾਧਾ ਦਿੱਤਾ ਜਾਵੇਗਾ।9% ਦਾ ਸਪੈਸ਼ਲ ਵਾਧਾ ਮਿਤੀ 01.04.2021 ਤੋਂ ਦਿੱਤਾ ਜਾਵੇਗਾ ਅਤੇ 6% ਸਲਾਨਾ ਵਾਧਾ ਪਹਿਲਾਂ ਦੀ ਤਰਾਂ ਨਿਯਮਾਂ ਅਨੁਸਾਰ ਸਾਲਾਨਾ ਕਾਰਗੁਜ਼ਾਰੀ ਵਾਚਣ ਉਪਰੰਤ ਠੇਕੇ ਦੀਆਂ ਸੇਵਾਂਵਾ ਵਿਚ ਵਾਧਾ ਕਰਨ ਸਮੇਂ ਦਿੱਤਾ ਜਾਵੇਗਾ।ਇਹ ਸਪਸ਼ਟ ਕੀਤਾ ਜਾਂਦਾ ਹੈ ਕਿ 9% ਦਾ ਸਪੈਸ਼ਲ ਵਾਧਾ ਮਿਤੀ 01.04.2021 ਦੀ ਤਨਖਾਹ ਵਿਚ ਜੋੜਨ ਉਪਰੰਤ 6% ਦਾ ਸਲਾਨਾ ਵਾਧਾ ਜੋੜਿਆ ਜਾਵੇਗਾ। ਅਗਲੇ ਸਾਲ ਤੋਂ ਸਲਾਨਾ ਵਾਧਾ 6% ਹੀ ਮਿਲਣਯੋਗ ਹੋਵੇਗਾ।ਜਿਹੜੇ ਕਰਮਚਾਰੀਆਂ ਦਾ ਮਿਤੀ 01.04.2021 ਨੂੰ 1 ਸਾਲ ਤੋਂ ਘੱਟ ਦਾ ਸੇਵਾਕਾਲ ਹੈ, ਉਹਨਾਂ ਨੂੰ ਇਹ 9% ਦਾ ਸਪੈਸ਼ਲ ਵਾਧਾ 6% ਸਲਾਨਾ ਵਾਧੇ ਦੇ ਨਾਲ ਨਿਯਮਾਂ ਅਨੁਸਾਰ 1 ਸਾਲ ਦੀਆਂ ਸੇਵਾਂਵਾ ਪੂਰੀਆਂ ਹੋਣ ਉਪਰੰਤ ਮਿਲਣਯੋਗ ਹੋਵੇਗਾ।

**ਇਹ ਹੁਕਮ ਮਾਨਯੋਗ ਸਿਹਤ ਮੰਤਰੀ ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾ ਰਹੇ ਹਨ।**

**ਮਿਸ਼ਨ ਡਾਇਰੈਕਟਰ**
**ਐਨ.ਐਚ.ਐਮ. ਪੰਜਾਬ।**

ਨੰ. ਰ.ਸ.ਮ./ਪੰ./21/ਐਮ.ਐਚ.ਆਰ/67822-29　　　　ਮਿਤੀ- 06-05-2021

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਭੇਜਿਆ ਜਾਂਦਾ ਹੈ:-

1. ਸਕੱਤਰ, ਪ੍ਰਮੁੱਖ ਸਕੱਤਰ ਸਿਹਤ ਨੂੰ ਮਾਨਯੋਗ ਪ੍ਰਮੁੱਖ ਸਕੱਤਰ ਜੀ ਦੀ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।
2. ਨਿੱਜੀ ਸਹਾਇਕ ਮਿਸ਼ਨ ਡਾਇਰੈਕਟਰ ਐਨ.ਐਚ.ਐਮ. ਨੂੰ ਮਾਨਯੋਗ ਮਿਸ਼ਨ ਡਾਇਰੈਕਟਰ ਜੀ ਦੀ ਜਾਣਕਾਰੀ ਹਿੱਤ।
3. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ।
4. ਡਾਇਰੈਕਟਰ ਪੀ.ਐਚ.ਐਸ.ਸੀ. ਮੋਹਾਲੀ।
5. ਡਾਇਰੈਕਟਰ ਆਯੂਰਵੈਦਾ ਪੰਜਾਬ ਅਤੇ ਮੁੱਖੀ ਹੋਮਿਓਪੈਥੀ ਪੰਜਾਬ।
6. ਸਮੂਹ ਸਿਵਲ ਸਰਜਨ ਪੰਜਾਬ ਨੂੰ ਜਾਣਕਾਰੀ ਅਤੇ ਕਾਰਵਾਈ ਹਿੱਤ।
7. ਡਾਇਰੈਕਟਰ ਵਿੱਤ ਐਨ.ਐਚ.ਐਮ. ਪੰਜਾਬ ਨੂੰ ਜਾਣਕਾਰੀ ਅਤੇ ਕਾਰਵਾਈ ਹਿੱਤ।
8. ਸਮੂਹ ਪ੍ਰੋਗਰਾਮ ਅਫਸਰ/ਕੰਸਲਟੈਂਟ/ਮੈਨੇਜਰ ਐਨ.ਐਚ.ਐਮ. ਪੰਜਾਬ।

**ਮਿਸ਼ਨ ਡਾਇਰੈਕਟਰ**
**ਐਨ.ਐਚ.ਐਮ. ਪੰਜਾਬ।**

Scanned with CamScanner